## ਕੋਬਾਲਟ ਹਾਊਸਿੰਗ ਬਾਰੇ ਆਮ ਜਾਣਕਾਰੀ

ਕੋਬਾਲਟ ਹਾਊਸਿੰਗ ਵਿਖੇ ਤੁਹਾਡਾ ਸਵਾਗਤ ਹੈ।

ਅਸੀਂ ਇਹ ਸਮਝਾਉਣ ਲਈ ਅਨੁਵਾਦ ਸੇਵਾ ਮੁਹੱਈਆ ਕਰ ਸਕਦੇ ਹਾਂ ਕਿ ਅਸੀਂ ਆਪਣੀ ਸੇਵਾ ਕਿਵੇਂ ਪ੍ਰਦਾਨ ਕਰਦੇ ਹਾਂ; ਤੁਸੀਂ ਕਿਸੇ ਦੋਸਤ ਜਾਂ ਪਰਿਵਾਰ ਦੇ ਜੀਅ ਨੂੰ ਨਿਯੁਕਤ ਕਰ ਸਕਦੇ ਹੋ ਤਾਂਕਿ ਸਾਨੂੰ ਆਪਸ ਵਿੱਚ ਸੂਚਨਾ ਦੇ ਲੈਣ-ਦੇਣ ਵਿੱਚ ਮਦਦ ਮਿਲ ਸਕੇ। ਜੇ ਤੁਹਾਨੂੰ ਕਿਸੇ ਵੀ ਚੀਜ਼ ਬਾਰੇ ਪੱਕਾ ਨਹੀਂ ਪਤਾ ਤਾਂ ਅਸੀਂ ਟੈਲੀਫ਼ੋਨ ਅਨੁਵਾਦ ਸੇਵਾ ਮੁਹੱਈਆ ਕਰ ਸਕਦੇ ਹਾਂ। ਇਹ ਤੁਹਾਡੀ ਤਰਜੀਹ ਵਾਲੀ ਭਾਸ਼ਾ ਵਿੱਚ ਝਟਪਟ ਟੈਲੀਫ਼ੋਨ ਸੇਵਾ ਹੈ। ਅਸੀਂ ਆਪਣੇ ਕੁਝ ਦਸਤਾਵੇਜ਼ ਵੀ ਅਨੁਵਾਦ ਕਰਾਉਣ ਦੇ ਯੋਗ ਹਾਂ। ਬੇਨਤੀ ਕਰਨ 'ਤੇ, ਸਾਡੀ ਜਾਣਕਾਰੀ ਵੱਡੇ ਅੱਖਰਾਂ ਵਿੱਚ, ਬ੍ਰੇਲ ਅਤੇ ਆਡੀਓ ਰੂਪ ਵਿੱਚ ਮੁਹੱਈਆ ਕੀਤੀ ਜਾ ਸਕਦੀ ਹੈ।

ਮਕਾਨ ਵਿੱਚ ਦਾਖਲ ਹੋਣ ਤੋਂ ਪਹਿਲਾਂ, ਤੁਸੀਂ ਸਾਡੀ ਹਾਊਸਿੰਗ ਟੀਮ ਦੇ ਸਟਾਫ਼ ਨੂੰ ਮਿਲੇ ਹੋਵੋਗੇ ਜਿਸਨੇ ਤੁਹਾਡਾ ਕਿਰਾਏਦਾਰੀ ਇਕਰਾਰਨਾਮਾ, ਅਤੇ ਅਦਾਇਗੀਯੋਗ ਕਿਰਾਇਆ ਧਿਆਨ ਨਾਲ ਦੇਖਿਆ ਹੋਵੇਗਾ ਅਤੇ ਅਜਿਹੇ ਕੋਈ ਵੀ ਸਵਾਲਾਂ ਦੇ ਜਵਾਬ ਦਿੱਤੇ ਹੋਣਗੇ ਜੋ ਤੁਹਾਡੇ ਆਪਣੇ ਨਵੇਂ ਮਕਾਨ ਬਾਰੇ ਹਨ। ਤੁਹਾਡਾ ਕਿਰਾਏਦਾਰੀ ਇਕਰਾਰਨਾਮਾ ਇੱਕ ਅਹਿਮ ਦਸਤਾਵੇਜ਼ ਹੈ। ਜੋ ਇੱਕ ਮਕਾਨ-ਮਾਲਕ ਵਜੋਂ ਕੋਬਾਲਟ ਦੀਆਂ ਅਤੇ ਕਿਰਾਏਦਾਰ(ਾਂ) ਵਜੋਂ ਤੁਹਾਡੀਆਂ ਜ਼ਿੰਮੇਵਾਰੀਆਂ ਤੈਅ ਕਰਦਾ ਹੈ। ਜੇ ਤੁਹਾਡੀਆਂ ਕੋਈ ਚਿੰਤਾਵਾਂ ਹੋਣ ਤਾਂ ਸਾਨੂੰ ਦੱਸੋ ਅਤੇ ਅਸੀ ਇਸ ਦਸਤਾਵੇਜ਼ ਨੂੰ ਕਿਸੇ ਅਨੁਵਾਦਕ ਦੀ ਮਦਦ ਨਾਲ ਸਮਝਾ ਸਕਦੇ ਹਾਂ। ਹੇਠਾਂ ਕੁਝ ਗੱਲਾਂ ਦੱਸੀਆਂ ਗਈਆਂ ਹਨ ਜਿਹੜੀਆਂ ਤੁਹਾਨੂੰ ਜਾਣਨ ਦੀ ਲੋੜ ਪਵੇਗੀ :

ਗੈਸ, ਬਿਜਲੀ ਅਤੇ ਪਾਣੀ ਸਪਲਾਈ ਕਰਨ ਵਾਲਿਆਂ ਨੂੰ ਸੰਪਰਕ ਕਰੋ ਕਿ ਉਹ ਆ ਕੇ ਮੀਟਰ ਦੀ ਰੀਡਿੰਗ ਲੈਣ ਤਾਂ ਕਿ ਉਹ ਖਾਤੇ ਰਜਿਸਟਰ ਕਰ ਸਕਣ। ਜਦੋਂ ਤੁਸੀਂ ਇਹ ਕਰ ਲਓਗੇ ਤਾਂ ਅਸੀਂ ਗੈਸ ਜਾਂਚ ਦੇ ਅੰਤਮ ਪੜਾਅ ਪੂਰੇ ਕਰ ਸਕਾਂਗੇ। ਹੋ ਸਕਦਾ ਹੈ ਕਿ ਤੁਹਾਨੂੰ ਆਪਣੇ ਮੀਟਰ ਦੀ ਰੀਡਿੰਗ ਆਪ ਲੈਣਾ ਅਤੇ ਜਦੋਂ ਤੁਹਾਡਾ ਪਹਿਲਾ ਬਿਲ ਆਏ ਤਾਂ ਉਸਦੀ ਜਾਂਚ ਕਰਨਾ ਲਾਹੇਵੰਦ ਲੱਗੇ। ਯਕੀਨੀ ਬਣਾਓ ਕਿ ਐਮਰਜੈਂਸੀ ਸਥਿਤੀ ਨਾਲ ਨਿਪਟਣ ਲਈ ਤੁਹਾਨੂੰ ਇਹ ਪਤਾ ਹੋਵੇ ਕਿ ਤੁਹਾਡੇ ਗੈਸ ਜਾਂ ਬਿਜਲੀ ਦੇ ਮੀਟਰ ਕਿੱਥੇ ਸਥਿਤ ਹਨ ਅਤੇ ਪਾਣੀ ਨੂੰ ਰੋਕਣ ਵਾਲੇ ਨਲਕੇ ਤੱਕ ਤੁਹਾਡੀ ਸੌਖੀ ਪਹੁੰਚ ਹੋਵੇ।

ਜੇ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡਾ ਸਪਲਾਇਰ ਕੌਣ ਹੈ ਤਾਂ ਇਹ ਪਤਾ ਲਗਾਉਣ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫ਼ੋਨ ਕਰੋ :

| | |
|---|---|
| ਗੈਸ | 0870 608 1524 |
| ਬਿਜਲੀ | 0845 270 9101 |

**ਗੈਸ ਦੀ ਸਰਵਿਸ ਕਰਵਾਉਣਾ**

ਜੇ ਤੁਹਾਡੀ ਜਾਇਦਾਦ ਵਿੱਚ ਗੈਸ ਦੀ ਸਪਲਾਈ ਹੈ ਤਾਂ ਤੁਹਾਡੇ ਗੈਸ ਉਪਕਰਣਾਂ ਦੀ ਸਾਲ ਵਿੱਚ ਇੱਕ ਵਾਰੀ ਜਾਂਚ ਕਰਨਾ ਤੁਹਾਡੇ ਮਕਾਨ-ਮਾਲਕ ਵਜੋਂ ਕੋਬਾਲਟ ਯਾਨੀ ਸਾਡਾ ਫ਼ਰਜ਼ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸੁਰੱਖਿਅਤ ਹਨ, ਜਦੋਂ ਤੁਹਾਡੀ ਗੈਸ ਦੀ ਸਾਂਭ-ਸੰਭਾਲ ਦਾ ਸਮਾਂ ਆਵੇਗਾ ਤਾਂ ਅਸੀਂ ਤੁਹਾਨੂੰ ਸੰਪਰਕ ਕਰਾਂਗੇ।

**ਅਹਿਮ**

**ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਘਰ ਦੇ ਅੰਦਰ ਜਾਂ ਬਾਹਰ ਗੈਸ ਦਾ ਰਿਸਾਅ ਹੈ, ਤਾਂ ਸਪਲਾਈ ਰੋਕਣ ਵਾਲੇ ਨਲਕੇ ਤੋਂ ਸਪਲਾਈ ਨੂੰ ਬੰਦ ਕਰ ਦਿਓ ਅਤੇ ਤੁਰੰਤ ਟ੍ਰਾਂਸਕੋ (Transco) ਨੂੰ 0800 111 999 'ਤੇ ਫ਼ੋਨ ਕਰੋ। ਫੇਰ ਰਿਪੇਅਰ ਲਾਈਨ ਨੂੰ 0151 548 3339 'ਤੇ ਫ਼ੋਨ ਕਰੋ**

ਹਰੇਕ ਕਿਰਾਏਦਾਰ ਨੂੰ ਇੱਕ ਹਾਊਸਿੰਗ ਆਫ਼ਿਸਰ ਦੇ ਨਾਲ ਜੋੜਿਆ ਜਾਂਦਾ ਹੈ। ਜੇ ਤੁਸੀਂ ਆਪਣੇ ਹਾਊਸਿੰਗ ਆਫ਼ਿਸਰ ਨਾਲ ਆਪ ਜਾਂ ਤਾਂ ਦਫ਼ਤਰ ਵਿੱਚ ਹੋਣ ਵਾਲੀ ਇੰਟਰਵਿਊ ਵਿੱਚ ਗੱਲ ਕਰਨੀ ਚਾਹੋ ਜਾਂ ਤੁਸੀਂ ਉਸਨੂੰ ਆਪਣੇ ਘਰ ਆਉਣ ਦੀ ਬੇਨਤੀ ਕਰਨੀ ਚਾਹੋ ਤਾਂ ਕਿਰਪਾ ਕਰਕੇ ਮੁੱਖ ਫ਼ੋਨ ਨੰਬਰ 'ਤੇ ਸੰਪਰਕ ਕਰੋ ਅਤੇ ਤੁਹਾਨੂੰ ਤੁਹਾਡੇ ਹਾਊਸਿੰਗ ਆਫ਼ਿਸਰ ਨਾਲ ਸੰਪਰਕ ਕਰਵਾ ਦਿੱਤਾ ਜਾਵੇਗਾ। ਤੁਹਾਡਾ ਹਾਊਸਿੰਗ ਆਫ਼ਿਸਰ ਤੁਹਾਨੂੰ ਇੱਕ ਸਿੱਧਾ ਨੰਬਰ ਵੀ ਮੁਹੱਈਆ ਕਰਾਏਗਾ।

ਆਪਣੇ ਨਵੇਂ ਮਕਾਨ ਵਿੱਚ ਪ੍ਰਵੇਸ਼ ਕਰਨ ਤੋਂ ਥੋੜ੍ਹੀ ਹੀ ਦੇਰ ਮਗਰੋਂ, ਤੁਹਾਡਾ ਹਾਊਸਿੰਗ ਆਫ਼ਿਸਰ ਤੁਹਾਨੂੰ ਕੋਬਾਲਟ ਜਾਂ ਤੁਹਾਡੇ ਇਲਾਕੇ ਬਾਰੇ ਕੋਈ ਵੀ ਵਾਧੂ ਜਾਣਕਾਰੀ ਮੁਹੱਈਆ ਕਰਾਉਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਆਪਣੇ ਨਵੇਂ ਮਕਾਨ ਤੋਂ ਖੁਸ਼

ਹੋ, ਤੁਹਾਨੂੰ ਆ ਕੇ ਮਿਲੇਗਾ। ਜੇ ਤੁਹਾਨੂੰ ਅਨੁਵਾਦ ਵਿੱਚ ਕੋਈ ਵੀ ਸਹਾਇਤਾ ਦੀ ਲੋੜ ਹੋਵੇ ਤਾਂ ਅਸੀਂ ਆਪਣੀ ਟੈਲੀਫ਼ੋਨ ਸੇਵਾ ਜਿਸ ਨਾਲ ਅਸੀਂ ਉਸ ਥਾਂ 'ਤੇ ਫ਼ੋਨ ਕਰ ਸਕਦੇ ਹਾਂ, ਦੀ ਵਰਤੋਂ ਕਰਕੇ ਕੋਈ ਵੀ ਚਿੰਤਾਵਾਂ ਬਾਰੇ ਵਿਚਾਰ-ਵਟਾਂਦਰਾ ਕਰਨ ਦਾ ਪ੍ਰਬੰਧ ਕਰ ਸਕਦੇ ਹਾਂ।

**ਆਪਣੇ ਕਿਰਾਏ ਦਾ ਭੁਗਤਾਨ ਕਰਨਾ**

ਜਿਵੇਂ ਕਿ ਤੁਹਾਡੇ ਕਿਰਾਏਦਾਰੀ ਇਕਰਾਰਨਾਮੇ ਵਿੱਚ ਦੱਸਿਆ ਗਿਆ ਹੈ ਕਿ ਸਾਰਾ ਕਿਰਾਇਆ ਪੇਸ਼ਗੀ ਵਿੱਚ ਹਫ਼ਤਾਵਾਰੀ ਦੇਣਯੋਗ ਹੁੰਦਾ ਹੈ। ਤੁਹਾਡੇ ਵੱਲੋਂ ਤੁਹਾਡੀ ਜਾਇਦਾਦ ਲਈ ਦਸਤਖ਼ਤ ਕਰਨ ਤੋਂ ਬਾਅਦ ਛੇਤੀ ਹੀ ਅਸੀਂ ਤੁਹਾਨੂੰ ਇੱਕ ਰੈਂਟ ਸਵਾਈਪ ਕਾਰਡ (rent swipe card) ਜਾਰੀ ਕਰਾਂਗੇ। ਤੁਸੀਂ ਆਪਣੇ ਕਿਰਾਏ ਦਾ ਭੁਗਤਾਨ ਹੇਠਾਂ ਦਿੱਤੇ ਤਰੀਕਿਆਂ ਨਾਲ ਕਰ ਸਕਦੇ ਹੋ :

- ਆਪਣੇ ਰੈਂਟ ਕਾਰਡ (ਕਿਰਾਏ ਦਾ ਭੁਗਤਾਨ ਕਰਨ ਵਾਲਾ ਕਾਰਡ) ਦੀ ਵਰਤੋਂ ਕਰਕੇ ਪੋਸਟ ਆਫ਼ਿਸ ਜਾਂ 'ਪੇਅ ਪੁਆਇੰਟ' ਵਾਲੀਆਂ ਥਾਵਾਂ 'ਤੇ;
- ਕੋਬਾਲਟ ਆਫ਼ਿਸ ਲੋਅਰ ਹਾਊਸ ਲੇਨ ਵਿਖੇ
- ਡਾਇਰੈਕਟ ਡੈਬਿਟ ਜਾਂ ਸਟੈਂਡਿੰਗ ਆਰਡਰ ਸਰਵਿਸ ਦੀ ਵਰਤੋਂ ਕਰਕੇ ਕਿਸੇ ਬੈਂਕ ਜਾਂ ਬਿਲਡਿੰਗ ਸੁਸਾਇਟੀ ਦੇ ਰਾਹੀਂ
- ਫ਼ੋਨ ਦੁਆਰਾ: ਜੇ ਤੁਹਾਡੇ ਕੋਲ ਡੈਬਿਟ ਜਾਂ ਕ੍ਰੈਡਿਟ ਕਾਰਡ ਹੈ ਤਾਂ ਤੁਸੀਂ ਫ਼ੋਨ 'ਤੇ ਭੁਗਤਾਨ ਕਰ ਸਕਦੇ ਹੋ
- ਮਿਹਨਤਾਨੇ ਵਿੱਚੋਂ ਕਟੌਤੀ: ਜੇ ਤੁਹਾਡਾ ਇੰਪਲੋਇਰ (ਰੁਜ਼ਗਾਰਦਾਤਾ) ਸਹਿਮਤ ਹੋਵੇ, ਤਾਂ ਤੁਸੀਂ ਆਪਣੇ ਮਿਹਨਤਾਨੇ ਵਿੱਚੋਂ ਸਿੱਧਾ ਕਿਰਾਇਆ ਕੱਢ ਲਏ ਜਾਣ ਦਾ ਪ੍ਰਬੰਧ ਕਰ ਸਕਦੇ ਹੋ।
- ਬੈਨੇਫਿਟਸ ਏਜੰਸੀ (Benefits Agency) ਤੋਂ ਸਿੱਧਾ ਭੁਗਤਾਨ। ਹੋ ਸਕਦਾ ਹੈ ਕਿ ਬੈਨੇਫਿਟਸ ਏਜੰਸੀ ਤੋਂ ਸਿੱਧਾ ਭੁਗਤਾਨ ਪ੍ਰਾਪਤ ਕਰਨਾ ਸੰਭਵ ਹੋਵੇ

ਸਾਰੇ ਕੋਬਾਲਟ ਕਿਰਾਏਦਾਰਾਂ ਨੂੰ ਹਰ 3 ਮਹੀਨੇ ਮਗਰੋਂ ਕਿਰਾਏ ਦੀ ਇੱਕ ਸਟੇਟਮੈਂਟ ਮਿਲੇਗੀ। ਕਿਰਾਏ ਦੀ ਸਟੇਟਮੈਂਟ ਹਰ ਹਫ਼ਤੇ ਦੇਣਯੋਗ ਕਿਰਾਇਆ ਦਿਖਾਏਗੀ। ਜੇ ਤੁਹਾਨੂੰ ਆਪਣੀ ਸਟੇਟਮੈਂਟ 'ਤੇ ਦਿਖਾਈ ਦੇਣ ਵਾਲੀ ਕਿਸੇ ਵੀ ਚੀਜ਼ ਬਾਰੇ ਪੱਕਾ ਨਾ ਪਤਾ ਹੋਵੇ ਤਾਂ ਤੁਸੀਂ ਆਪਣੇ ਰੈਂਟਸ ਆਫ਼ਿਸਰ (Rents Officer) ਨੂੰ ਸੰਪਰਕ ਕਰ ਸਕਦੇ ਹੋ ਜੋ ਤੁਹਾਨੂੰ ਇਹ ਸਮਝਾਏਗਾ।

ਜੇ ਤੁਸੀਂ ਆਪਣੇ ਕਿਰਾਏ ਦਾ ਭੁਗਤਾਨ ਕਰਨਾ ਬੰਦ ਕਰ ਦਿੰਦੇ ਹੋ ਤਾਂ ਅਸੀਂ ਤੁਹਾਨੂੰ ਪਹਿਲਾਂ ਇਹ ਦੱਸਣ ਲਈ ਸੰਪਰਕ ਕਰਾਂਗੇ ਕਿ ਤੁਹਾਡੇ ਕਿਰਾਏ ਖਾਤੇ ਵਿੱਚ ਬਕਾਇਆ ਖੜ੍ਹਾ ਹੈ ਅਤੇ ਅਸੀਂ ਉਸ ਬਕਾਏ ਦਾ ਭੁਗਤਾਨ ਕਰਨ ਲਈ ਵੱਖ-ਵੱਖ ਤਰੀਕਿਆਂ ਬਾਰੇ ਚਰਚਾ ਕਰਾਂਗੇ। ਜੇ ਤੁਸੀਂ ਕੋਈ ਬਕਾਇਆਂ ਨੂੰ ਚੁਕਾਉਣ ਦਾ ਕੋਈ ਪ੍ਰਬੰਧ ਨਹੀਂ ਕਰਦੇ ਜਾਂ ਉਸ ਪ੍ਰਬੰਧ 'ਤੇ ਕਾਇਮ ਨਹੀਂ ਰਹਿੰਦੇ ਤਾਂ ਅਸੀਂ ਤੁਹਾਡੇ ਖਿਲਾਫ਼ ਕਨੂੰਨੀ ਕਾਰਵਾਈ ਕਰਾਂਗੇ।

ਅਸੀਂ ਉਹਨਾਂ ਲੋਕਾਂ ਜਿਹਨਾਂ ਨੂੰ ਮਾਲੀ ਔਕੜਾਂ ਹਨ ਅਤੇ ਜਿਹੜੇ ਆਪਣਾ ਕਿਰਾਇਆ ਅਦਾ ਕਰਨ ਤੋਂ ਅਸਮਰਥ ਹਨ, ਲਈ RAISE ਨਾਮ ਦੀ ਇੱਕ ਮੁਫ਼ਤ ਅਤੇ ਗੁਪਤ ਸੇਵਾ ਦੀ ਵਰਤੋਂ ਕਰਦੇ ਹਾਂ ਜੋ ਕਿ ਇੱਕ ਸੁਤੰਤਰ ਸੇਵਾ ਹੈ। ਕਿਰਪਾ ਕਰਕੇ ਹੋਰ ਜਾਣਕਾਰੀ ਲਈ ਸਾਡੇ ਦਫ਼ਤਰ ਵਿਖੇ 0151 633 8000 'ਤੇ ਫ਼ੋਨ ਕਰੋ।

**ਮੁਰੰਮਤਾਂ ਦੀ ਸੂਚਨਾ ਦੇਣਾ**

ਜੇ ਤੁਸੀਂ ਕਿਸੇ ਮੁਰੰਮਤ ਬਾਰੇ ਸੂਚਨਾ ਦੇਣੀ ਹੈ, ਤਾਂ ਲਾਜ਼ਮੀ ਹੈ ਕਿ ਤੁਸੀਂ ਰਿਪੇਅਰਲਾਈਨ ਨੂੰ ਇਸ ਨੰਬਰ 'ਤੇ ਫ਼ੋਨ ਕਰੋ: **0151 548 3339**

ਸਾਡੀ ਰਿਸੈਪਸ਼ਨ ਵਾਲੀ ਥਾਂ 'ਤੇ ਫ੍ਰੀਫ਼ੋਨ ਦੀ ਸਹੂਲਤ ਹੈ ਜੋ ਤੁਹਾਨੂੰ ਮੁਫ਼ਤ ਵਿੱਚ ਰਿਪੇਅਰਲਾਈਨ ਲਾਈਨ ਨਾਲ ਜੋੜੇਗੀ।

ਸਾਨੂੰ ਸੂਚਿਤ ਕੀਤੀ ਜਾ ਰਹੀ ਮੁਰੰਮਤ ਅਤੇ ਤੁਹਾਡੇ ਸੰਪਰਕ ਅਤੇ ਪਹੁੰਚ ਦੇ ਵੇਰਵਿਆਂ ਬਾਰੇ ਜਿੰਨਾ ਹੋ ਸਕੇ ਵੱਧ ਤੋਂ ਵੱਧ ਜਾਨਣ ਦੀ ਲੋੜ ਹੋਵੇਗੀ। ਜੇ ਤੁਹਾਨੂੰ ਕਾਰੀਗਰਾਂ ਜਾਂ ਸਟਾਫ਼ ਦੇ ਤੁਹਾਡੇ ਮਕਾਨ ਦੇ ਅੰਦਰ ਆਉਣ ਬਾਰੇ ਕੋਈ ਚਿੰਤਾਵਾਂ ਜਾਂ ਬੇਨਤੀਆਂ ਹੋਣ, ਤਾਂ ਇਹ ਅਹਿਮ ਹੈ ਕਿ ਤੁਸੀਂ ਸਾਨੂੰ ਦੱਸੋ ਅਤੇ ਅਸੀਂ ਤੁਹਾਡੀਆਂ ਲੋੜਾਂ ਦਾ ਪ੍ਰਬੰਧ ਕਰਨ ਦਾ ਜਤਨ ਕਰਾਂਗੇ।

ਅਸੀਂ ਜਿੰਨੀ ਛੇਤੀ ਹੋ ਸਕੇ ਮੁਰੰਮਤਾਂ ਕਰਾਂਗੇ, ਪਰ ਸਾਨੂੰ ਹੇਠਾਂ ਦਿੱਤੇ ਅਨੁਸਾਰ ਹਰੇਕ ਮੁਰੰਮਤ ਨੂੰ ਤਰਜੀਹ ਦੇਣੀ ਪਵੇਗੀ :

**ਤਰਜੀਹ 1 - ਐਮਰਜੈਂਸੀ ਮੁਰੰਮਤ**
ਤੁਹਾਡੇ ਵੱਲੋਂ ਮੁਰੰਮਤ ਬਾਰੇ ਸੂਚਿਤ ਕੀਤੇ ਜਾਣ ਦੇ 24 ਘੰਟਿਆਂ ਦੇ ਅੰਦਰ-ਅੰਦਰ ਅਸੀਂ ਐਮਰਜੈਂਸੀ ਕੰਮ 'ਤੇ ਪ੍ਰਤੀਕਿਰਿਆ ਕਰਾਂਗੇ।
**ਤਰਜੀਹ 2 – ਜ਼ਰੂਰੀ**

ਇਹ ਕੰਮ ਤੁਹਾਡੇ ਵੱਲੋਂ ਮੁਰੰਮਤ ਦੀ ਸੂਚਨਾ ਦੇਣ ਦੇ 3 ਦਿਨਾਂ ਦੇ ਅੰਦਰ-ਅੰਦਰ ਪੂਰਾ ਕਰ ਦਿੱਤਾ ਜਾਵੇਗਾ।

**ਤਰਜੀਹ 3 - ਰੋਜ਼ਮਰ੍ਹਾ**

ਇਹ ਕੰਮ ਤੁਹਾਡੇ ਵੱਲੋਂ ਮੁਰੰਮਤ ਦੀ ਸੂਚਨਾ ਦੇਣ ਦੇ 10 ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਪੂਰਾ ਕਰ ਦਿੱਤਾ ਜਾਵੇਗਾ।

**ਐਮਰਜੈਂਸੀ ਮੁਰੰਮਤ ਕੀ ਹੁੰਦੀ ਹੈ?**

ਐਮਰਜੈਂਸੀ ਮੁਰੰਮਤਾਂ ਵਿੱਚ ਬਿਜਲੀ ਦਾ ਪੂਰੀ ਤਰ੍ਹਾਂ ਚਲੇ ਜਾਣਾ, ਗੈਸ ਨਿਕਾਸ, ਵੱਡੇ ਰਿਸਾਅ, ਰੁਕੀਆਂ ਹੋਈਆਂ ਨਾਲੀਆਂ ਜਾਂ ਅਜਿਹਾ ਨੁਕਸਾਨ ਸ਼ਾਮਲ ਹੁੰਦਾ ਹੈ ਜੋ ਜਾਇਦਾਦ ਨੂੰ ਅਸੁਰੱਖਿਅਤ ਜਾਂ ਖ਼ਤਰਨਾਕ ਬਣਾ ਸਕਦਾ ਹੈ। ਤੁਸੀਂ ਦਿਨ ਜਾਂ ਰਾਤ ਨੂੰ ਕਿਸੇ ਵੀ ਸਮੇਂ ਕਿਸੇ ਐਮਰਜੈਂਸੀ ਮੁਰੰਮਤ ਦੀ ਸੂਚਨਾ 0151 548 3339 'ਤੇ ਦੇ ਸਕਦੇ ਹੋ।

**ਸਮਾਜ-ਵਿਰੋਧੀ ਵਤੀਰਾ**

ਸਮਾਜ-ਵਿਰੋਧੀ ਵਤੀਰਾ (Anti-social Behaviour) (ASB) ਕਈ ਵੱਖ-ਵੱਖ ਰੂਪਾਂ ਵਿੱਚ ਹੁੰਦਾ ਹੈ। ਇਸ ਵਿੱਚ ਗੰਭੀਰ ਅਪਰਾਧਕਾਂ ਕਾਰਜਾਂ ਜਿਵੇਂ ਕਿ ਨਸਲੀ ਵਿਤਕਰੇ ਤੋਂ ਲੈ ਕੇ ਨਿਤ ਦਿਨ ਦੀਆਂ ਵਧੇਰੇ ਘਟਨਾਵਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਰੌਲ਼ੇ ਕਰਕੇ ਪਰੇਸ਼ਾਨੀ, ਗੰਦੇ ਬਗੀਚੇ ਜਾਂ ਫੁਟਬਾਲ ਖੇਡ ਰਹੇ ਬੱਚੇ।

ਕੋਬਾਲਟ ਹਾਊਸਿੰਗ ਸਮਾਜ ਵਿਰੋਧੀ ਵਤੀਰੇ ਦੀਆਂ ਸੂਚਿਤ ਕੀਤੀਆਂ ਗਈਆਂ ਸਾਰੀਆਂ ਘਟਨਾਵਾਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੀ ਹੈ ਅਤੇ ਇਸਨੂੰ ਰੋਕਣ ਲਈ ਉਹ ਸਾਰੇ ਕਦਮ ਚੁੱਕੇਗੀ ਜੋ ਲੋੜੀਂਦੇ ਹਨ। ਸਾਡੇ ਕੋਲ ਇਸ ਸੇਵਾ ਨੂੰ ਹੋਰ ਵਿਸਤਾਰ ਨਾਲ ਸਮਝਾਉਂਦਾ ਇੱਕ ਇਸ਼ਤਿਹਾਰ ਹੈ, ਕਿਰਪਾ ਕਰਕੇ ਇਸ ਬਾਰੇ ਰਿਸੈਪਸ਼ਨ ਤੋਂ ਪੁੱਛੋ ਜਾਂ ਸਾਡੀ ਟੀਮ ਨੂੰ 0151 633 8000 ਚੋਣ 4 'ਤੇ ਫ਼ੋਨ ਕਰੋ।

**ਨਿਵਾਸੀਆਂ ਦੀ ਸ਼ਮੂਲੀਅਤ**

ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਸਾਡੇ ਨਿਵਾਸੀਆਂ ਨੂੰ ਇਸ ਬਾਰੇ ਆਪਣੀ ਰਾਏ ਦੇਣ ਦਾ ਮੌਕਾ ਦਿੱਤਾ ਜਾਂਦਾ ਹੈ ਕਿ ਅਸੀਂ ਕੰਮ ਕਿਵੇਂ ਕਰਦੇ ਹਾਂ। ਤੁਹਾਡੇ ਸ਼ਾਮਲ ਹੋਣ ਵਿੱਚ ਮਦਦ ਲਈ ਇੱਕ ਟੀਮ ਮੌਜੂਦ ਹੈ, ਸ਼ਾਮਲ ਹੋਣ ਤੋਂ ਭਾਵ ਮੀਟਿੰਗਾਂ ਵਿੱਚ ਆਉਣਾ, ਫ਼ੋਨ 'ਤੇ ਆਪਣੇ ਵਿਚਾਰ ਦੱਸਣਾ ਜਾਂ ਕੋਈ ਪ੍ਰਸ਼ਨਾਵਲੀ ਭਰਨਾ ਸ਼ਾਮਲ ਹੋ ਸਕਦਾ ਹੈ, ਜੇ ਤੁਸੀਂ ਸ਼ਾਮਲ ਹੋਣਾ ਚਾਹੋ ਤਾਂ ਕਿਰਪਾ ਕਰਕੇ ਇਸ ਬਾਰੇ ਸਾਡਾ ਇਸ਼ਤਿਹਾਰ ਮੰਗੋ ਜਾਂ ਇੱਥੇ ਸੰਪਰਕ ਕਰੋ 0151 633 8096